# ਆਂਟੇਰੀਓ ਵਿੱਚ ਕਨੂੰਨੀ ਢੰਗ ਨਾਲ ਕਾਰੋਬਾਰ ਸਥਾਪਤ ਕਰਨ ਅਤੇ ਚਲਾਉਣ ਦੀ ਪ੍ਰਕਿਰਿਆ ਨੂੰ ਵਿਨਿਯਮਤ ਕਰਨ ਦੀਆਂ ਸ਼ਰਤਾਂ

ਕਾਰੋਬਾਰ ਦੇ ਮਾਲਕ ਹੋਣ ਦੇ ਨਾਤੇ ਆਪਣੇ ਫ਼ਰਜ਼, ਅਤੇ ਆਂਟੇਰੀਓ ਵਿੱਚ ਰੁਜ਼ਗਾਰਦਾਤਾਵਾਂ ਅਤੇ ਕਰਮਚਾਰੀਆਂ ਦੇ ਹੱਕਾਂ ਅਤੇ ਜ਼ਿੰਮੇਦਾਰੀਆਂ ਨੂੰ ਜਾਣਨਾ।

## ਸਾਰੇ ਕਾਰੋਬਾਰਾਂ ਲਈ ਨਿਯਮ ਅਤੇ ਵਿਨਿਯਮ

### *ਇਮਪਲੌਇਮੈਂਟ ਸਟੈਂਡਰਡਜ਼ ਐਕਟ*

ਨਿਊਨਤਮ ਉਜਰਤ, ਕੰਮ ਦੇ ਘੰਟਿਆਂ ਦੀ ਸੀਮਾ, ਨੌਕਰੀ ਤੋਂ ਹਟਾਉਣ, ਨੌਕਰੀ 'ਤੇ ਅਸਰ ਨਾ ਪਾਉਣ ਵਾਲੀਆਂ ਗ਼ੈਰ-ਹਾਜ਼ਰੀ ਦੀਆਂ ਛੁੱਟੀਆਂ ਅਤੇ ਹੋਰ ਨਿਯਮਾਂ ਬਾਰੇ ਜਾਣੋ।

### *ਆਕੂਪੇਸ਼ਨਲ ਹੈੱਲਥ ਐਂਡ ਸੇਫ਼ਟੀ ਐਕਟ*

ਕੰਮ ਦੇ ਸਥਾਨ ਵਿਖੇ ਹਰ ਇੱਕ ਵਿਅਕਤੀ ਦੇ ਫ਼ਰਜ਼ਾਂ, ਅਤੇ ਕੰਮ ਦੇ ਸਥਾਨ ਵਿਖੇ ਖ਼ਤਰਿਆਂ ਨਾਲ ਨਜਿੱਠਣ ਬਾਰੇ ਜਾਣੋ।

### ਟੈਕਸ ਅਤੇ ਫ਼ਾਇਦੇ

ਇਹ ਯਕੀਨੀ ਬਣਾਉ ਕਿ ਤੁਸੀਂ ਟੈਕਸ ਵਿਨਿਯਮਾਂ ਦੀ ਪਾਲਣਾ ਕਰਦੇ ਹੋ ਅਤੇ ਕਾਰੋਬਾਰਾਂ ਸੰਬੰਧੀ ਆਂਟੇਰੀਓ ਟੈਕਸ ਕਰੈਡਿਟਾਂ ਅਤੇ ਇਮਪਲੌਇਰ ਹੈੱਲਥ ਟੈਕਸ (ਰੁਜ਼ਗਾਰਦਾਤਾਵਾਂ ਵੱਲੋਂ ਤਨਖ਼ਾਹ ਅਨੁਸਾਰ ਅਦਾ ਕੀਤਾ ਜਾਂਦਾ ਟੈਕਸ) ਬਾਰੇ ਜਾਣਨਾ।

### ਪਹੁੰਚਯੋਗਤਾ ਸੰਬੰਧੀ ਕਨੂੰਨ

ਆਂਟੇਰੀਓ ਨੂੰ ਵਧੇਰੇ ਪਹੁੰਚਯੋਗ (ਸਾਰਿਆਂ ਨੂੰ ਬਰਾਬਰ ਰੱਖਣ) ਬਣਾਉਣ ਲਈ ਹਰ ਇੱਕ ਲਈ ਕਨੂੰਨ ਅਤੇ ਮਿਆਰ ਨਿਰਧਾਰਤ ਕੀਤੇ ਹੋਏ ਹਨ। ਆਪਣੇ ਕਾਰੋਬਾਰ ਲਈ ਪਹੁੰਚਯੋਗਤਾ ਸੰਬੰਧੀ ਸ਼ਰਤਾਂ ਅਤੇ ਮਿਆਰਾਂ ਬਾਰੇ ਅਤੇ ਪਹੁੰਚਯੋਗਤਾ ਰਿਪੋਰਟ ਕਿਵੇਂ ਤਿਆਰ ਕਰਨੀ ਹੈ, ਇਸ ਬਾਰੇ ਜਾਣੋ।

## ਕੁਝ ਕੁ ਕਾਰੋਬਾਰਾਂ ਉੱਪਰ ਪ੍ਰਭਾਵ ਪਾਉਣ ਵਾਲੇ ਨਿਯਮ ਅਤੇ ਵਿਨਿਯਮ

### ਕਾਰੋਬਾਰਾਂ ਲਈ ਗਾਹਕ ਸੁਰੱਖਿਆ ਜਾਣਕਾਰੀ

ਇਹ ਜਾਣੋ ਕਿ ਗਾਹਕ ਸੁਰੱਖਿਆ ਕਨੂੰਨਾਂ ਦੀ ਪਾਲਣਾ ਅਤੇ ਗਾਹਕਾਂ ਦੀਆਂ ਸ਼ਿਕਾਇਤਾਂ ਤੋਂ ਕਿਵੇਂ ਬਚਣਾ ਹੈ।

### ਖੇਤੀਬਾੜੀ ਅਤੇ ਭੋਜਨ ਸੰਬੰਧੀ ਕਨੂੰਨ

ਖੇਤੀ-ਅਧਾਰਤ ਭੋਜਨ ਪਦਾਰਥਾਂ ਦੇ ਕਾਰੋਬਾਰਾਂ ਲਈ ਭੋਜਨ ਸੁਰੱਖਿਆ ਅਤੇ ਖੇਤੀਬਾੜੀ ਕਨੂੰਨਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ। ਮਾਸ (ਮੀਟ) ਦਾ ਕਾਰੋਬਾਰ ਕਰਨ ਵਾਲੀਆਂ ਫ਼ੈਕਟਰੀਆਂ ਲਈ ਲਾਇਸੈਂਸ ਲੈਣਾ ਅਤੇ ਮੀਟ ਦੀ ਪ੍ਰੋਸੈੱਸਿੰਗ ਸੰਬੰਧੀ ਵਿਸ਼ੇਸ਼ ਕਨੂੰਨਾਂ ਅਤੇ ਵਿਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।

### ਵਾਤਾਵਰਨ ਸੰਬੰਧੀ ਮਨਜ਼ੂਰੀਆਂ

ਆਪਣੇ ਜਾਂ ਆਪਣੇ ਕਾਰੋਬਾਰ ਸੰਬੰਧੀ ਲੋੜੀਦੀਂਆਂ ਵੱਖ-ਵੱਖ ਕਿਸਮ ਦੀਆਂ ਵਾਤਾਵਰਨ ਸੰਬੰਧੀ ਮਨਜ਼ੂਰੀਆਂ ਅਤੇ ਇੰਨ੍ਹਾਂ ਲਈ ਮਨਜ਼ੂਰੀ ਦੀ ਅਰਜ਼ੀ ਕਿਵੇਂ ਦੇਣੀ ਹੈ, ਇਸ ਬਾਰੇ ਜਾਣੋ।

### ਪਸ਼ੂਆਂ ਦੀ ਭਲਾਈ

ਜਿੰਨ੍ਹਾਂ ਕਾਰੋਬਾਰਾਂ ਦੇ ਆਹਾਤੇ ਵਿੱਚ ਪਸ਼ੂ ਰੱਖੇ ਹੋਣ ਉਹਨਾਂ ਲਈ *ਪ੍ਰੋਵਿੰਸ਼ੀਅਲ ਐਨੀਮਲ ਵੈੱਲਫ਼ੇਅਰ ਸਰਵਸਿਜ਼ ਐਕਟ* ਦੀ ਪਾਲਣਾ ਕਰਨੀ ਲਾਜ਼ਮੀ ਹੈ।

### ਕਮਰਸ਼ਅਲ (ਵਪਾਰਕ) ਵਾਹਨ

ਇਹ ਪਤਾ ਕਰੋ ਕਿ ਟਰੱਕਾਂ ਜਾਂ ਬੱਸਾਂ ਜਿਹੇ ਕਮਰਸ਼ਅਲ ਵਾਹਨਾਂ ਨੂੰ ਚਲਾਉਣ ਲਈ ਤੁਹਾਨੂੰ ਜਿਹੜੀ ਚੀਜ਼ ਦੀ ਲੋੜ ਹੈ ਅਤੇ ਉਹ ਕਿਵੇਂ ਹਾਸਲ ਕਰਨੀ ਹੈ।

### ਆਂਟੇਰੀਓ ਦਾ ਬਿਲਡਿੰਗ ਕੋਡ

ਆਂਟੇਰੀਓ ਦੇ ਬਿਲਡਿੰਗ ਕੋਡ ਬਾਰੇ ਵਧੇਰੇ ਜਾਣਕਾਰੀ ਹਾਸਲ ਕਰੋ ਤਾਕਿ ਤੁਹਾਡਾ ਕਾਰੋਬਾਰ ਆਂਟੇਰੀਓ ਅੰਦਰ ਸਾਰੇ ਲੋੜੀਂਦੇ ਬਿਲਡਿੰਗ ਵਿਨਿਯਮਾਂ ਉੱਪਰ ਪੂਰਾ ਉੱਤਰ ਸਕੇ।

### ਉੱਤਰੀ ਆਂਟੇਰੀਓ ਵਿੱਚ ਕਾਰੋਬਾਰ

ਕੀ ਤੁਸੀਂ ਉੱਤਰੀ ਆਂਟੇਰੀਓ ਵਿੱਚ ਕਾਰੋਬਾਰ ਕਰਦੇ ਹੋ? ਇਹ ਪਤਾ ਕਰੋ ਕਿ ਕੀ ਤੁਸੀਂ ਉਪਲਬਧ ਕਾਰੋਬਾਰ ਇਮਦਾਦੀ ਸੇਵਾਵਾਂ, ਗਰਾਂਟਾਂ ਅਤੇ ਕਰਜ਼ ਲੈਣ ਦੇ ਪਾਤਰ ਹੋ।

ਇੰਨ੍ਹਾਂ ਵਿਨਿਯਮਤ ਸ਼ਰਤਾਂ ਬਾਰੇ
**Ontario.ca/business**
**ਵਿਖੇ ਵਧੇਰੇ ਜਾਣੋ**

Ontario